ਪੰਜਾਬ ਸਰਕਾਰ
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ
ਵਿਕਾਸ ਭਵਨ, ਸੈਕਟਰ 62, ਐਸ.ਏ.ਐਸ. ਨਗਰ (ਮੁਹਾਲੀ)
(ਜਨਰਲ ਸ਼ਾਖਾ)

ਸੇਵਾ ਵਿਖੇ

1. ਸਮੂਹ ਵਧੀਕ ਡਿਪਟੀ ਕਮਿਸ਼ਨਰ (ਵਿਕਾਸ)
2. ਸਮੂਹ ਡਵੀਜਨਲ ਡਿਪਟੀ ਡਾਇਰੈਕਟਰ, ਪੰਚਾਇਤ
3. ਸਮੂਹ ਜ਼ਿਲਾ ਵਿਕਾਸ ਅਤੇ ਪੰਚਾਇਤ ਅਫਸਰ ਅਤੇ
4. ਸਮੂਹ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਪੰਜਾਬ ਰਾਜ ਵਿੱਚ;

ਪੱਤਰ ਨੰਬਰ: 58-253
ਚੰਡੀਗੜ੍ਹ, ਮਿਤੀ 9-2-10

ਵਿਸ਼ਾ:- ਗਰਾਮ ਪੰਚਾਇਤ ਫੰਡ ਦੇ ਚੈਕ ਕੱਟਣ ਦੀ ਸੀਮਾ ਨਿਰਧਾਰਤ ਕਰਨ ਬਾਰੇ।

ਉਪਰੋਕਤ ਵਿਸ਼ੇ ਸਬੰਧੀ ਇਸ ਵਿਭਾਗ ਦੇ ਪੱਤਰ ਨੰ: 7058, ਮਿਤੀ 8-12-05 ਰਾਹੀਂ ਜੋ ਸੀਮਾ ਨਿਰਧਾਰਤ ਕੀਤੀ ਗਈ ਸੀ, ਬਾਰੇ ਵਿਭਾਗ ਵੱਲੋਂ ਮੁੜ ਵਿਚਾਰਿਆ ਗਿਆ ਅਤੇ ਵਿਚਾਰਨ ਉਪਰੰਤ ਇਹ ਸੀਮਾ ਹੇਠ ਲਿਖੇ ਅਨੁਸਾਰ ਨਿਰਧਾਰਤ ਕੀਤੀ ਜਾਂਦੀ ਹੈ:-

| | |
|---|---|
| 10000/- ਰੁਪਏ ਤੱਕ | ਸਰਪੰਚ ਅਤੇ ਪੰਚ |
| 10000-25000/- ਰੁਪਏ ਤੱਕ | ਸਰਪੰਚ ਅਤੇ ਪੰਚਾਇਤ ਸਕੱਤਰ |
| 25000/- ਰੁਪਏ ਤੋਂ ਵੱਧ | ਸਰਪੰਚ,ਪੰਚਾਇਤ ਸਕੱਤਰ ਅਤੇ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ |

ਇਸ ਸਬੰਧ ਵਿੱਚ ਹੇਠ ਦਰਸਾਈ ਕਾਰਜਵਿੱਧੀ ਅਪਨਾਈ ਜਾਵੇਗੀ।

1) ਗਰਾਮ ਪੰਚਾਇਤ ਵਲੋਂ ਕੋਈ ਵੀ ਰਾਸ਼ੀ ਹਫਤੇ ਵਿਚ ਕੇਵਲ ਦੋ ਵਾਰੀ ਹੀ ਕੱਢਵਾਈ ਜਾਵੇਗੀ। ਇਹ ਰੋਕ ਸਰਕਾਰੀ ਜਾਂ ਅਦਾਲਤੀ ਹੁਕਮਾਂ ਤੇ ਲਾਗੂ ਨਹੀਂ ਹੋਵੇਗੀ।

2) ਜੋ ਵੀ ਰਾਸ਼ੀ ਗਰਾਮ ਪੰਚਾਇਤ ਦੇ ਖਾਤੇ ਵਿੱਚੋਂ ਕਢਵਾਈ ਜਾਵੇਗੀ, ਦਾ ਇੰਦਰਾਜ ਬਲਾਕ ਦਫ਼ਤਰ ਵਿੱਚ ਇਕ ਵੱਖਰੇ ਤੋਰ ਤੇ ਲਗਾਏ ਗਏ ਰਜਿਸਟਰ ਵਿੱਚ ਕੀਤਾ ਜਾਵੇਗਾ ਅਤੇ ਉਸ ਦੇ ਨਾਲ ਹੀ ਇਹ ਇੰਦਰਾਜ ਬਲਾਕ ਦਫ਼ਤਰ ਦੇ ਵਿੱਚ ਉਪਲਬਧ ਕੰਪਿਊਟਰ ਵਿੱਚ ਵੀ ਦਰਜ਼ ਕੀਤਾ ਜਾਵੇਗਾ। ਇਸ ਸਬੰਧ ਵਿੱਚ 10000/- ਰੁਪਏ ਤੱਕ ਦੀ ਕਢਵਾਈ ਗਈ ਰਕਮ ਦੀ ਸੂਚਨਾ ਸਬੰਧਤ ਪੰਚਾਇਤ ਸਕੱਤਰ ਵੱਲੋਂ ਚੈਕ ਨੰਬਰ ਸਮੇਤ ਬਲਾਕ ਦਫ਼ਤਰ ਵਿੱਚ ਚੈਕ ਕੱਟਣ ਤੋਂ ਅਗਲੇ ਦਿਨ ਦਿੱਤੀ ਜਾਵੇਗੀ। ਜੇਕਰ, ਇਹ ਸੂਚਨਾ ਅਗਲੇ ਦਿਨ ਨਹੀਂ ਦਿੱਤੀ ਜਾਂਦੀ ਤਾਂ ਇਸ ਉਣਤਾਈ ਲਈ ਪੰਚਾਇਤ ਸਕੱਤਰ ਸਿੱਧੇ ਤੋਰ ਤੇ ਜਿੰਮੇਵਾਰ ਹੋਵੇਗਾ ਅਤੇ ਇਸ ਲਈ ਅਨੁਸ਼ਾਸਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

3) 10,000/- ਰੁਪਏ ਤੋਂ ਵੱਧ ਕਢਵਾਈ ਗਈ ਰਕਮ ਬਾਰੇ ਸਬੰਧਤ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਇਸ ਦੀ ਹਫਤਾਵਾਰ ਰਿਪੋਰਟ ਜ਼ਿਲਾ ਵਿਕਾਸ ਅਤੇ ਪੰਚਾਇਤ ਅਫ਼ਸਰ ਨੂੰ

ਭੇਜੇਗਾ ਅਤੇ ਜ਼ਿਲਾ ਵਿਕਾਸ ਅਤੇ ਪੰਚਾਇਤ ਅਫ਼ਸਰ ਇਸ ਦਾ ਇੰਦਰਾਜ ਆਪਣੇ ਦਫ਼ਤਰ ਵਿੱਚ ਇਕ ਵੱਖਰੇ ਤੋਰ ਤੇ ਲਗਾਏ ਗਏ ਰਜਿਸਟਰ ਵਿੱਚ ਕੀਤਾ ਜਾਵੇਗਾ ਅਤੇ ਉਸ ਦੇ ਨਾਲ ਹੀ ਇਹ ਇੰਦਰਾਜ ਆਪਣੇ ਦਫ਼ਤਰ ਦੇ ਵਿੱਚ ਉਪਲਬਧ ਕੰਪਿਊਟਰ ਵਿੱਚ ਵੀ ਦਰਜ਼ ਕੀਤਾ ਜਾਵੇਗਾ।

4) ਜ਼ਿਲਾ ਵਿਕਾਸ ਅਤੇ ਪੰਚਾਇਤ ਅਫ਼ਸਰ ਹਰ 15 ਦਿਨਾਂ ਬਾਅਦ ਇਸ ਦੀ ਰਿਪੋਰਟ ਡਵੀਜਨਲ ਡਿਪਟੀ ਡਾਇਰੈਕਟਰ ਨੂੰ ਭੇਜੇਗਾ ਅਤੇ ਇਸ ਦਾ ਇੰਦਰਾਜ ਡਵੀਜਨਲ ਡਿਪਟੀ ਡਾਇਰੈਕਟਰ ਵੱਲੋਂ ਆਪਣੇ ਦਫ਼ਤਰ ਵਿੱਚ ਇਕ ਵੱਖਰੇ ਤੋਰ ਤੇ ਲਗਾਏ ਗਏ ਰਜਿਸਟਰ ਵਿੱਚ ਕੀਤਾ ਜਾਵੇਗਾ ਅਤੇ ਉਸ ਦੇ ਨਾਲ ਹੀ ਇਹ ਇੰਦਰਾਜ ਆਪਣੇ ਦਫ਼ਤਰ ਦੇ ਵਿੱਚ ਉਪਲਬਧ ਕੰਪਿਊਟਰ ਵਿੱਚ ਵੀ ਦਰਜ਼ ਕੀਤਾ ਜਾਵੇਗਾ।

5) ਡਵੀਜਨਲ ਡਿਪਟੀ ਡਾਇਰੈਕਟਰ ਵੱਲੋਂ ਇਸ ਦੀ ਮਹੀਨਾਵਾਰ ਰਿਪੋਰਟ ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਅਤੇ ਵਿੱਤੀ ਕਮਿਸ਼ਨਰ, ਪੇਂਡੂ ਵਿਕਾਸ ਅਤੇ ਪੰਚਾਇਤ ਨੂੰ ਭੇਜੀ ਜਾਵੇਗੀ।

6) ਇਹ ਹਦਾਇਤਾਂ ਆਪਣੇ ਜ਼ਿਲੇ ਦੇ ਬਲਾਕਾਂ ਵਿੱਚ ਲਾਗੂ ਕਰਾਉਣ ਦੀ ਨਿਰੋਲ ਜ਼ਿੰਮੇਵਾਰੀ ਜ਼ਿਲਾ ਵਿਕਾਸ ਅਤੇ ਪੰਚਾਇਤ ਅਫ਼ਸਰ ਦੀ ਹੋਵੇਗੀ।

8/3/10

ਡਾਇਰੈਕਟਰ-ਕਮ-ਸਕੱਤਰ, ਪੇਂਡੂ ਵਿਕਾਸ
ਅਤੇ ਪੰਚਾਇਤ ਵਿਭਾਗ, ਪੰਜਾਬ।